## ਖੇਡਾਂ ਕਿੱਦਾਂ ਕੰਮ ਕਰਦੀਆਂ ਹਨ

# ਕਰੈਪਸ

**ਸ਼ੁਗਲ ਬਣਾਈ ਰੱਖੋ।**
**ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੱਦਾਂ ਕੰਮ ਕਰਦੀਆਂ ਹਨ।**

ਕਰੈਪਸ ਜਿੱਤਣ ਲਈ ਕਈ ਵੱਖਰੇ ਵੱਖਰੇ ਤਰੀਕੇ ਪੇਸ਼ ਕਰਦੀ ਹੈ! ਜਦ ਦਾਅ ਲਾ ਦਿੱਤੇ ਜਾਂਦੇ ਹਨ ਤਾਂ ਸ਼ੂਟਰ (ਨਿਸ਼ਾਨੇਬਾਜ਼) ਡਾਈਸ (ਪਾਸਾ) ਸੁੱਟਦਾ ਹੈ। ਤੁਸੀਂ ਦਾਅ ਲਾਉਣ ਦੀਆਂ ਚੋਣਾਂ, ਅਤੇ ਕੀ ਸਾਹਮਣੇ ਆਉਂਦਾ ਹੈ ਜਾਂ ਡਾਈਸ ’ਤੇ ਕਿਹੜੇ ਨੰਬਰ ਦਿਸਦੇ ਹਨ, ਅਨੁਸਾਰ ਜਿੱਤਦੇ ਹੋ।

### ਤੁਹਾਡੀਆਂ ਦਾਅ ਲਾਉਣ ਦੀਆਂ ਚੋਣਾਂ ਇਹ ਹਨ:

**ਪਾਸ ਲਾਈਨ:** ਪਹਿਲਾ ਪਾਸਾ, ਜਿਹਨੂੰ ਕਮ ਆਊਟ (ਬਾਹਰ ਆਉਣ ਵਾਲਾ) ਪਾਸਾ ਕਿਹਾ ਜਾਂਦਾ ਹੈ, ਸੁੱਟਣ ’ਤੇ ਤੁਸੀਂ 7 ਜਾਂ 11 ਨੰਬਰਾਂ ’ਤੇ ਬਰਾਬਰ ਦੇ ਪੈਸੇ ਜਿੱਤਦੇ ਹੋ, ਅਤੇ 2, 3 ਜਾਂ 12 ’ਤੇ ਹਾਰਦੇ ਹੋ। ਕੋਈ ਹੋਰ ਨੰਬਰ ਜਿਹੜਾ ਆਵੇ ਉਹ ਪੁਆਇੰਟ ਬਣ ਜਾਂਦਾ ਹੈ। ਜੇ 7 ਦਾ ਪਾਸਾ ਸੁੱਟਣ ਤੋਂ ਪਹਿਲਾਂ ਤੁਹਾਡਾ ਪੁਆਇੰਟ ਆ ਜਾਂਦਾ ਹੈ ਤਾਂ ਤੁਸੀਂ ਬਰਾਬਰ ਦੇ ਪੈਸੇ ਜਿੱਤਦੇ ਹੋ। ਜਦੋਂ ਇਕ ਵਾਰ ਪਾਸ ਲਾਈਨ ਵਾਲਾ ਦਾਅ ਲਾ ਦਿੱਤਾ ਜਾਵੇ ਤਾਂ ਜਿੱਤ ਹਾਰ ਦਾ ਫੈਸਲਾ ਹੋਣ ਤੱਕ ਤੁਸੀਂ ਪੈਸੇ ਮੁੜਾ ਨਹੀਂ ਸਕਦੇ।

**ਪਾਸ ਲਾਈਨ ਨਹੀਂ:** ਇਹ ਪਾਸ ਲਾਈਨ ਵਾਲੇ ਦਾਅ ਤੋਂ ਬਿਲਕੁਲ ਉਲਟ ਹੈ। ਪਹਿਲੇ ਪਾਸੇ ’ਤੇ ਤੁਸੀਂ ਨੰਬਰ 2 ਜਾਂ 3 ’ਤੇ ਜਿੱਤਦੇ ਹੋ ਅਤੇ 7 ਜਾਂ 11 ’ਤੇ ਹਾਰਦੇ ਹੋ। ਜੇ 12 ਸਾਹਮਣੇ ਆ ਜਾਵੇ, ਤਾਂ ਇਹ ਪੁਸ਼ (ਬਰਾਬਰ) ਹੁੰਦਾ ਹੈ ਤੇ ਕੋਈ ਵੀ ਨਹੀਂ ਜਿੱਤਦਾ। ਕੋਈ ਹੋਰ ਨੰਬਰ ਜਿਹੜਾ ਆਵੇ ਉਹ ਪੁਆਇੰਟ ਬਣ ਜਾਂਦਾ ਹੈ। ਜੇ ਪੁਆਇੰਟ ਦੇ ਦੁਬਾਰਾ ਸਾਹਮਣੇ ਆਉਣ ਤੋਂ ਪਹਿਲਾਂ 7 ਦਾ ਪਾਸਾ ਪੈ ਜਾਂਦਾ ਹੈ ਤਾਂ ਤੁਸੀਂ ਜਿੱਤਦੇ ਹੋ। ਇਹ ਦਾਅ ਬਰਾਬਰ ਦੇ ਪੈਸੇ ਦਿੰਦਾ ਹੈ। ਪਾਸ ਲਾਈਨ ਵਾਲੇ ਦਾਅ ਤੋਂ ਉਲਟ ਪਾਸ ਲਾਈਨ ਨਹੀਂ ਦਾਅ ਨੂੰ ਖਿਡਾਰੀ ਜਿੱਤ ਹਾਰ ਦਾ ਫੈਸਲਾ ਹੋਣ ਤੋਂ ਪਹਿਲਾਂ ਵਾਪਸ ਲੈ ਸਕਦੇ ਹਨ।

**ਹਾਰਡ (ਔਖੇ) ਤਰੀਕੇ:** ਹਾਰਡ ਤਰੀਕਿਆਂ ਦੇ ਚਾਰ ਜੁੱਟ ਹਨ: ਹਾਰਡ ਫੋਰ (ਦੋ ਦੁੱਕੀਆਂ), ਹਾਰਡ ਸਿਕਸ (ਦੋ ਤਿੱਕੀਆਂ), ਹਾਰਡ ਏਟ (ਦੋ ਚੌਕੀਆਂ), ਅਤੇ ਹਾਰਡ ਟੈੱਨ (ਦੋ ਪੰਜੀਆਂ)। ਸੋ, ਜੇ ਤੁਸੀਂ ਹਾਰਡ ਸਿਕਸ ’ਤੇ ਦਾਅ ਲਾਓ, ਤਾਂ ਜੇ 7 ਜਾਂ ਸੁਖਾਲੇ ਬਣਦੇ ਛੇ (5 ਅਤੇ 1 ਜਾਂ 4 ਅਤੇ 2) ਤੋਂ ਪਹਿਲਾਂ ਤਿੱਕੀਆਂ ਦਾ ਜੋੜਾ ਆ ਜਾਵੇ ਤਾਂ ਤੁਸੀਂ ਜਿੱਤਦੇ ਹੋ। ਚੇਤੇ ਰੱਖੋ, ਹਾਰਡ ਸਿਕਸ ਅਤੇ ਹਾਰਡ ਏਟ 9 ਟੂ 1; ਹਾਰਡ ਫੋਰ ਅਤੇ ਟੈੱਨ 7 ਟੂ 1 ਦੇ ਪੈਸੇ ਦਿੰਦਾ ਹੈ।

**ਹੌਰਨ ਬੈੱਟ:** ਇਹ ਵੰਨ-ਰੋਲ ਦਾਅ ਹੈ ਜਿਹੜਾ ਕਦੇ ਵੀ ਲਾਇਆ ਜਾ ਸਕਦਾ ਹੈ। ਤੁਸੀਂ ਇਨ੍ਹਾਂ ਚਾਰ ਨੰਬਰਾਂ: 2, 3, 11 ਅਤੇ 12 ਦੇ ਜੁੱਟਾਂ ’ਤੇ ਸ਼ਰਤ ਲਾਉਂਦੇ ਹੋ। ਜੇ ਉਸ ਰੋਲ ’ਤੇ ਇਨ੍ਹਾਂ ਵਿਚੋਂ ਕੋਈ ਵੀ ਨੰਬਰ ਆ ਜਾਵੇ ਤਾਂ ਤੁਸੀਂ ਜਿੱਤਦੇ ਹੋ। ਤਿੰਨ ਤੇ 11 ਦੀ ਅਦਾਇਗੀ 15 ਟੂ 1 ਹੁੰਦੀ ਹੈ ਤੇ 2 ਤੇ 12 ਦੀ 30 ਟੂ 1 ਹੁੰਦੀ ਹੈ।

**ਲੇਅ ਬੈੱਟਸ:** ਇਹ ਬਾਏ ਬੈੱਟਸ ਤੋਂ ਬਿਲਕੁਲ ਉਲਟ ਹੁੰਦੀਆਂ ਹਨ ਅਤੇ ਪੰਜ ਪ੍ਰਤੀਸ਼ੱਤ ਫੀਸ ਉਸ ਰਕਮ ’ਤੇ ਹੁੰਦੀ ਹੈ ਜੋ ਤੁਸੀਂ ਜਿੱਤ ਸਕਦੇ ਹੋ ਨਾ ਕਿ ਜਿਹੜੀ ਤੁਸੀਂ ਦਾਅ ’ਤੇ ਲਾਈ ਹੋਵੇ।

**ਪਲੇਸ ਬੈੱਟਸ:** ਇਹ 4, 5, 6, 8, 9, ਅਤੇ 10 ਤੇ ਲਾਏ ਦਾਅ ਹਨ। ਤੁਸੀਂ ਜਿੱਤਦੇ ਹੋ ਜਦੋਂ ਕਮ ਆਊਟ ਰੋਲ ਤੋਂ ਬਾਅਦ 7 ਤੋਂ ਪਹਿਲਾਂ ਤੁਹਾਡਾ ਨੰਬਰ ਪੈ ਜਾਵੇ। ਜੇ ਤੁਸੀਂ 4-10 ਰੋਲ ਕਰਦੇ ਹੋ ਤਾਂ ਤੁਹਾਨੂੰ 9 ਟੂ 5 ਪੈਸੇ ਮਿਲਦੇ ਹਨ, 5-9 ਰੋਲ ਕਰਨ ਨਾਲ 7 ਟੂ 5 ਮਿਲਦੇ ਹਨ ਅਤੇ 6-8 ਨਾਲ 7 ਟੂ 6 ਦੇ ਹਿਸਾਬ ਨਾਲ ਪੈਸੇ ਮਿਲਦੇ ਹਨ।

**ਕਮ:** ਤੁਸੀਂ ਪਹਿਲੀ ਰੋਲ ਤੋਂ ਬਾਅਦ ਕਮ ’ਤੇ ਕਦੇ ਵੀ ਸ਼ਰਤ ਲਾ ਸਕਦੇ ਹੋ। ਇਹ ਬਰਾਬਰ ਦੇ ਪੈਸੇ ਦੇਣ ਵਾਲੀ ਸ਼ਰਤ ਹੈ ਅਤੇ ਇਸ ’ਤੇ ਵੀ ਪਾਸ ਲਾਈਨ ਵਾਲੇ ਨਿਯਮ ਹੀ ਲਾਗੂ ਹੁੰਦੇ ਹਨ।

**ਡੌਂਟ ਕਮ:** ਤੁਸੀਂ ਪਹਿਲੀ ਰੋਲ ਤੋਂ ਬਾਅਦ ਡੌਂਟ ਕਮ ’ਤੇ ਕਦੇ ਵੀ ਸ਼ਰਤ ਲਾ ਸਕਦੇ ਹੋ। ਇਹ ਬਰਾਬਰ ਦੇ ਪੈਸੇ ਦੇਣ ਵਾਲੀ ਸ਼ਰਤ ਹੈ ਅਤੇ ਇਸ ’ਤੇ ਵੀ ਡੌਂਟ ਪਾਸ ਲਾਈਨ ਵਾਲੇ ਨਿਯਮ ਹੀ ਲਾਗੂ ਹੁੰਦੇ ਹਨ।

**ਫੀਲਡ:** ਇਕ ਰੋਲ ਸ਼ਰਤ ਹੈ ਜਿਹੜੀ ਕਦੇ ਵੀ ਲਾਈ ਜਾ ਸਕਦੀ ਹੈ। ਜੇ 3, 4, 9, 10, ਜਾਂ 11 ਰੋਲ ਹੁੰਦੇ ਹਨ ਤਾਂ ਤੁਸੀਂ ਬਰਾਬਰ ਦੇ ਪੈਸੇ ਜਿੱਤਦੇ ਹੋ। ਜੇ 2 ਜਾਂ 12 ਰੋਲ ਹੁੰਦੇ ਹਨ ਤਾਂ ਤੁਹਾਨੂੰ ਤੁਹਾਡੀ ਸ਼ਰਤ ਤੋਂ ਦੁਗਣੇ ਪੈਸੇ ਮਿਲਦੇ ਹਨ।

**ਐਨੀ (ਕੋਈ ਵੀ) 7:** ਇਕ ਰੋਲ ਸ਼ਰਤ ਹੈ ਜਿਹੜੀ ਕਦੇ ਵੀ ਲਾਈ ਜਾ ਸਕਦੀ ਹੈ। ਤੁਸੀਂ 2, 3 ਜਾਂ 12 ’ਤੇ ਜਿੱਤਦੇ ਹੋ ਅਤੇ ਤੁਹਾਨੂੰ 7 ਟੂ 1 ਦੇ ਹਿਸਾਬ ਪੈਸੇ ਮਿਲਦੇ ਹਨ।

**ਐਨੀ ਕਰੈਪ:** ਇਕ ਰੋਲ ਸ਼ਰਤ ਹੈ ਜਿਹੜੀ ਕਦੇ ਵੀ ਲਾਈ ਜਾ ਸਕਦੀ ਹੈ। ਤੁਸੀਂ 2, 3 ਜਾਂ 12 ’ਤੇ ਜਿੱਤਦੇ ਹੋ ਅਤੇ ਤੁਹਾਨੂੰ 7 ਟੂ 1 ਦੇ ਹਿਸਾਬ ਪੈਸੇ ਮਿਲਦੇ ਹਨ।

**ਔਡ (ਮੌਕੇ):**

ਸਾਡੇ ਕੋਲ 3, 4, 5 ਔਡ (ਮੌਕੇ) ਹਨ। ਪਾਸ/ਡੌਂਟ ਪਾਸ ਲਾਈਨ ’ਤੇ ਵਧ ਤੋਂ ਵਧ 500 ਡਾਲਰ ਦਾਅ ’ਤੇ ਲਾਏ ਜਾ ਸਕਦੇ ਹਨ, ਹੇਠ ਲਿਖੇ ਵਧ ਤੋਂ ਵਧ ਔਡ ਜਾਂ ਲੇਅ ਵੇਜਰ ਹਨ:

**ਪਾਸ ਲਾਈਨ ਔਡ**

| ਪੁਆਇੰਟ | ਵਧ ਤੋਂ ਵਧ ਔਡ ਵੇਜਰ | ਔਡ ਤੋਂ ਜਿੱਤ |
|---|---|---|
| 6 ਅਤੇ 8 | 2,500 ਡਾਲਰ | 3,000 ਡਾਲਰ |
| 5 ਅਤੇ 9 | 2,000 ਡਾਲਰ | 3,000 ਡਾਲਰ |
| 4 ਅਤੇ 10 | 1,500 ਡਾਲਰ | 3,000 ਡਾਲਰ |

**ਡੌਂਟ ਪਾਸ ਲੇਅ ਵੇਜਰ**

| ਪੁਆਇੰਟ | ਵਧ ਤੋਂ ਵਧ ਔਡ ਵੇਜਰ | ਲੇਅ ਪੇਆਊਟ |
|---|---|---|
| 6 ਅਤੇ 8 | 3,000 ਡਾਲਰ | 2,500 ਡਾਲਰ |
| 5 ਅਤੇ 9 | 3,000 ਡਾਲਰ | 2,000 ਡਾਲਰ |
| 4 ਅਤੇ 10 | 3,000 ਡਾਲਰ | 1,500 ਡਾਲਰ |

ਪਾਸ ਲਾਈਨ ਔਡ



ਕਰੈਪਸ ਟੇਬਲ

### ਕਰੈਪਸ – ਫਾਇਰ ਬੈੱਟ

ਕਰੈਪਸ ਦੀ ਖੇਡ ਵਿਚ ਫਾਇਰ ਬੈੱਟ ਇਕ ਵਾਧੂ (ਓਪਸ਼ਨਲ) ਸਾਈਡ ਵੇਜਰ ਹੈ। ਖਿਡਾਰੀ ਸ਼ੂਟਰ ਵਲੋਂ ਸੈਵਨ ਆਊਟ ਰੋਲ ਕਰਨ ਤੋਂ ਪਹਿਲਾਂ ਬਣਾਏ ਜਾਣ ਵਾਲੇ ਪੁਆਇੰਟਾਂ ਦੀ ਗਿਣਤੀ ’ਤੇ ਸ਼ਰਤ ਲਾਉਂਦੇ ਹਨ।

ਜੇ ਸ਼ੂਟਰ ਸੈਵਨ ਆਊਟ ਰੋਲ ਕਰਨ ਤੋਂ ਪਹਿਲਾਂ ਚਾਰ ਪੁਆਇੰਟ ਬਣਾ ਲਵੇ ਤਾਂ ਤੁਸੀਂ ਜਿੱਤਦੇ ਹੋ। ਸ਼ੂਟਰ ਜਿੰਨੇ ਵਧ ਪੁਆਇੰਟ ਬਣਾ ਲਵੇ ਉਨਾਂ ਹੀ ਵਧ ਤੁਸੀਂ ਜਿੱਤਦੇ ਹੋ। ਵਧ ਤੋਂ ਵਧ ਛੇ ਪੁਆਇੰਟਾਂ ਲਈ ਪੈਸੇ ਦਿੱਤੇ ਜਾਂਦੇ ਹਨ।

ਇਕੱਲਾ (ਇੰਡੀਵਿਜੂਅਲ) ਪੁਆਇੰਟ ਉਹ ਹੁੰਦਾ ਹੈ ਜਦੋਂ ਸੰਭਵ ਪੁਆਇੰਟਾਂ ਦੇ ਗਰੁੱਪ (4, 5, 6, 8, 9, ਅਤੇ 10) ਤੋਂ ਕੋਈ ਪੁਆਇੰਟ ਬਣਾਇਆ ਜਾਵੇ। ਜੇ ਇਕੱਲਾ ਪੁਆਇੰਟ ਇਕ ਤੋਂ ਵਧ ਵਾਰ ਬਣਾਇਆ ਜਾਵੇ ਤਾਂ ਇਸ ਨੂੰ ਫਾਇਰ ਬੈੱਟ ਵੇਜਰ ਵਲਾਂ ਸਿਰਫ ਇਕ ਪੁਆਇੰਟ ਵਜੋਂ ਹੀ ਗਿਣਿਆ ਜਾਵੇਗਾ।

ਫਾਇਰ ਬੈੱਟ ਵੇਜਰ ਸਿਰਫ ਕਿਸੇ ਨਵੇਂ ਸ਼ੂਟਰ ਦੇ ਪਹਿਲੇ ਕਮ ਆਊਟ ਰੋਲ ਤੋਂ ਪਹਿਲਾਂ ਹੀ ਲਾਏ ਜਾ ਸਕਦੇ ਹਨ। ਪੈਸੇ ਉਦੋਂ ਦਿੱਤੇ ਜਾਂਦੇ ਹਨ ਜਦੋਂ ਸ਼ੂਟਰ ਸੈਵਨ ਆਊਟ ਰੋਲ ਕਰੇ, ਬਸ਼ਰਤੇ ਕਿ ਉਸ ਨੇ ਚਾਰ ਪੁਆਇੰਟ ਬਣਾਏ ਹੋਣ। ਪੁਆਇੰਟ ਕਿਸੇ ਵਿਸ਼ੇਸ਼ ਤਰਤੀਬ ਵਿਚ ਬਣਾਏ ਜਾਣੇ ਜ਼ਰੂਰੀ ਨਹੀਂ।

### ਫਾਇਰ ਬੈੱਟ ਦੀ ਅਦਾਇਗੀ ਸੂਚੀ

| ਇਕੱਲੇ (ਇੰਡੀਵਿਜੂਅਲ) ਪੁਆਇੰਟ | ਅਦਾਇਗੀ |
|---|---|
| 4 | 25 ਲਈ 1 |
| 5 | 250 ਲਈ 1 |
| 6 | 1,000 ਲਈ 1 |

### ਕਰੈਪ – ਸ਼ਾਰਪ ਸ਼ੂਟਰ ਸਾਈਡ ਬੈੱਟ

ਕਰੈਪਸ ਦੀ ਖੇਡ ਵਿਚ ਸ਼ਾਰਪ ਸ਼ੂਟਰ ਇਕ ਵਾਧੂ (ਓਪਸ਼ਨਲ) ਸਾਈਡ ਵੇਜਰ ਹੈ। ਖਿਡਾਰੀ ਸ਼ੂਟਰ ਵਲੋਂ ਸੈਵਨ ਆਊਟ ਰੋਲ ਕਰਨ ਤੋਂ ਪਹਿਲਾਂ ਬਣਾਏ ਜਾਣ ਵਾਲੇ ਪੁਆਇੰਟਾਂ ਦੀ ਗਿਣਤੀ ’ਤੇ ਸ਼ਰਤ ਲਾਉਂਦੇ ਹਨ।

ਜੇ ਸ਼ੂਟਰ ਸੈਵਨ ਆਊਟ ਰੋਲ ਕਰਨ ਤੋਂ ਪਹਿਲਾਂ ਤਿੰਨ ਪੁਆਇੰਟ ਬਣਾ ਲਵੇ ਤਾਂ ਤੁਸੀਂ ਜਿੱਤਦੇ ਹੋ। ਸ਼ੂਟਰ ਜਿੰਨੇ ਵਧ ਪੁਆਇੰਟ ਬਣਾ ਲਵੇ ਉਨਾਂ ਹੀ ਵਧ ਤੁਸੀਂ ਜਿੱਤਦੇ ਹੋ। ਵਧ ਤੋਂ ਵਧ ਦਸ ਪੁਆਇੰਟਾਂ ਲਈ ਪੈਸੇ ਦਿੱਤੇ ਜਾਂਦੇ ਹਨ।

ਸ਼ਾਰਪ ਸ਼ੂਟਰ ਸ਼ਰਤ (ਵੇਜਰ) ਸਿਰਫ ਕਿਸੇ ਨਵੇਂ ਸ਼ੂਟਰ ਦੇ ਪਹਿਲੇ ਕਮ ਆਊਟ ਰੋਲ ਤੋਂ ਪਹਿਲਾਂ ਹੀ ਲਾਏ ਜਾ ਸਕਦੇ ਹਨ। ਪੈਸੇ ਉਦੋਂ ਦਿੱਤੇ ਜਾਂਦੇ ਹਨ ਜਦੋਂ ਸ਼ੂਟਰ ਸੈਵਨ ਆਊਟ ਰੋਲ ਕਰੇ, ਬਸ਼ਰਤੇ ਕਿ ਉਸ ਨੇ ਤਿੰਨ ਪੁਆਇੰਟ ਬਣਾਏ ਹੋਣ। ਪੁਆਇੰਟ ਕਿਸੇ ਵਿਸ਼ੇਸ਼ ਤਰਤੀਬ ਵਿਚ ਬਣਾਏ ਜਾਣੇ ਜ਼ਰੂਰੀ ਨਹੀਂ।

### ਸ਼ਾਰਪ ਸ਼ੂਟਰ ਸਾਈਡ ਬੈੱਟ ਅਦਾਇਗੀ ਸੂਚੀ

| ਪੁਆਇੰਟ | ਅਦਾਇਗੀ |
|---|---|
| 3 ਪੁਆਇੰਟ | 5 ਟੂ 1 |
| 4 ਪੁਆਇੰਟ | 9 ਟੂ 1 |
| 5 ਪੁਆਇੰਟ | 15 ਟੂ 1 |
| 6 ਪੁਆਇੰਟ | 30 ਟੂ 1 |
| 7 ਪੁਆਇੰਟ | 50 ਟੂ 1 |
| 8 ਪੁਆਇੰਟ | 100 ਟੂ 1 |
| 9 ਪੁਆਇੰਟ | 200 ਟੂ 1 |
| 10 ਪੁਆਇੰਟ | 500 ਟੂ 1 |

**ਮੇਜ਼ ’ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਨਣ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ ’ਤੇ ਜਾਵੋ ਜਾਂ ਏਥੇ ਦੇਖੋ : www.bclc.com**

Craps [Punjabi] 07/12